# IMPORTANT NOTICE
# POST MATRIC SCHOLARSHIP

ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਲਈ ਯੋਗ ਸਾਰੇ ਵਿਦਿਆਰਥੀ ਸਕਾਲਰਸ਼ਿਪ ਦੇ ਫਾਰਮ ਆਪਣੇ ਪੱਧਰ ਤੇ ON-LINE (ਇੰਟਰਨੈੱਟ ਰਾਹੀਂ) ਹੀ ਭਰਨਗੇ ਅਤੇ ਉਸ ਦੀ ਹਾਰਡ ਕਾਪੀ (ਪ੍ਰਿੰਟ-ਆਊਟ) ਦਫ਼ਤਰ ਵਿੱਚ ਸਮੇਂ ਸਿਰ ਜਮ੍ਹਾਂ ਕਰਵਾਉਣਗੇ, ਅਜਿਹਾ ਨਾ ਕਰਨ ਦੀ ਸੂਰਤ ਵਿੱਚ ਵਿਦਿਆਰਥੀ ਵਜੀਫੇ ਦਾ ਲਾਭ ਪ੍ਰਾਪਤ ਨਹੀਂ ਕਰ ਸਕਣਗੇ।

ਵਜੀਫਾ ਫਾਰਮ ਭਰਨ ਸਮੇਂ ਹੇਠ ਲਿਖੇ ਅਨੁਸਾਰ ਕਾਗਜਾਤ (Documents) ਵਿਦਿਆਰਥੀ ਕੋਲ ਜਰੂਰ ਹੋਣੇ ਚਾਹੀਦੇ ਹਨ ਅਤੇ ਉਹਨਾਂ ਦੀ ਫੋਟੋ ਕਾਪੀ ਦਫਤਰ ਵਿੱਚ ਵਜੀਫਾ ਫਾਰਮ ਜਮ੍ਹਾਂ ਕਰਵਾਉਣ ਸਮੇਂ ਵੀ ਨਾਲ ਨੱਥੀ ਹੋਣੀ ਚਾਹੀਦੀ ਹੈ।

* ਵਿਦਿਆਰਥੀ ਅਤੇ ਉਸ ਦੇ ਮਾਤਾ/ ਪਿਤਾ ਦੇ ਆਧਾਰ ਕਾਰਡ ਦੀ ਫੋਟੋ ਕਾਪੀ।
* ਵਿਦਿਆਰਥੀ ਦੇ ਬੈਂਕ ਖਾਤੇ ਦੀ ਫੋਟੋ ਕਾਪੀ।
* ਵਿਦਿਆਰਥੀ ਦੇ ਜਾਤੀ ਸਰਟੀਫਿਕੇਟ ਦੀ ਫੋਟੋ ਕਾਪੀ।
* ਵਿਦਿਆਰਥੀ ਦੇ ਪੰਜਾਬ ਵਸਨੀਕ ਸਰਟੀਫਿਕੇਟ ਦੀ ਫੋਟੋ ਕਾਪੀ।
* ਵਿਦਿਆਰਥੀ ਦੇ ਮਾਪਿਆਂ ਦਾ ਨਵਾਂ ਆਮਦਨ ਸਰਟੀਫਿਕੇਟ (1 ਅਪ੍ਰੈਲ 2020 ਤੋਂ ਬਾਅਦ ਵਾਲਾ) ਜੋ ਕਿ ਘੱਟ ਤੋਂ ਘੱਟ ਤਹਿਸੀਲਦਾਰ ਪੱਧਰ ਦੇ ਅਧਿਕਾਰੀ ਦਾ ਹੀ ਬਣਿਆ ਹੋਇਆ ਹੋਣਾ ਚਾਹੀਦਾ ਹੈ।
* ਵਿਦਿਆਰਥੀ ਦੀਆਂ ਪਿਛਲੀਆਂ ਸਾਰੀਆਂ ਕਲਾਸਾਂ (10ਵੀਂ ਅਤੇ ਉਸ ਤੋ ਬਾਅਦ ਵਾਲੀਆਂ) ਦੇ ਸਰਟੀਫਿਕੇਟਾਂ ਦੀਆਂ ਫੋਟੋ ਕਾਪੀਆਂ।
* ਵਿਦਿਆਰਥੀ ਦੀ ਪਾਸਪੋਰਟ ਸਾਈਜ਼ ਰੰਗੀਨ ਫੋਟੋ।
* ਵਿਦਿਆਰਥੀ ਦਾ ਹਾਜਰੀ ਦਾ ਸਰਟੀਫਿਕੇਟ (ਇਹ ਸਰਟੀਫਿਕੇਟ ਫਾਰਮ ਭਰਨ ਤੋਂ ਪਹਿਲਾਂ ਕਾਲਜ ਕੋਲੋਂ ਲੈਣਾ ਪਵੇਗਾ)।

ਵਿਦਿਆਰਥੀ **punjabscholarships.gov.in** Website ਤੇ ਆਪਣੇ ਫਾਰਮ ਭਰ ਸਕਦੇ ਹਨ।

ਨੋਟ:

1. ਵਿਦਿਆਰਥੀ ਵੱਲੋਂ ਸਕਾਲਰਸ਼ਿਪ ਫ਼ਾਰਮ ਆਨ-ਲਾਈਨ ਭਰਨ ਉਪਰੰਤ ਉਪਰੋਕਤ ਸਾਰੇ ਕਾਗਜ਼ਾਤ ਨਾਲ ਲਗਾ ਕੇ ਇਸ ਦੇ 2 ਸੈੱਟ ਤਿਆਰ ਕਰ ਕੇ 2-3 ਦਿਨ ਦੇ ਅੰਦਰ ਦਫ਼ਤਰ ਵਿਚ ਜਮ੍ਹਾ ਕਰਵਾਉਣੇ ਜ਼ਰੂਰੀ ਹਨ।
2. ਵਜੀਫੇ ਸੰਬੰਧੀ ਸਰਕਾਰ ਵੱਲੋਂ ਕਈ ਸਕੀਮਾਂ ਚਲਾਈਆਂ ਜਾ ਰਹੀਆਂ ਹਨ। ਵਿਦਿਆਰਥੀ ਇਨ੍ਹਾਂ ਵਿੱਚੋਂ ਕੋਈ ਵੀ ਇੱਕ ਫ਼ਾਰਮ ਹੀ ਭਰ ਸਕਦਾ ਹੈ।ਜੋ ਵਿਦਿਆਰਥੀ ਇੱਕ ਤੋਂ ਵੱਧ ਸਕਾਲਰਸ਼ਿਪ ਲਈ ਫਾਰਮ ਭਰਨਗੇ, ਉਹਨਾਂ ਦੇ ਸਾਰੇ ਫਾਰਮ ਰੱਦ ਕਰ ਦਿੱਤੇ ਜਾਣਗੇ ਅਤੇ ਉਹਨਾ ਉੱਪਰ ਕਾਨੂੰਨ ਅਨੁਸਾਰ ਕਾਰਵਾਈ ਵੀ ਕੀਤੀ ਜਾ ਸਕਦੀ ਹੈ।
3. ਸਕਾਲਰਸ਼ਿਪ ਸੰਬੰਧੀ ਕਿਸੇ ਵੀ ਹੋਰ ਜਾਣਕਾਰੀ ਲਈ ਦਫ਼ਤਰ ਵਿਚ ਸੰਪਰਕ ਕੀਤਾ ਜਾ ਸਕਦਾ ਹੈ।

**ਪ੍ਰਿੰਸੀਪਲ**